CCRC

Criminal • Cases • Review • Commission

*Independently Investigating Miscarriages of Justice*

*ਇਨਸਾਫ਼ ਦੀ ਨਾਕਾਮੀ ਦੀ ਨਿਰਪੱਖਤਾ ਨਾਲ ਜਾਂਚ ਕਰਦਾ ਹੈ*

# ਸੀ.ਸੀ.ਆਰ.ਸੀ. (CCRC) ਬਾਰੇ ਪ੍ਰਸ਼ਨ ਅਤੇ ਉੱਤਰ

## ਸੀ.ਸੀ.ਆਰ.ਸੀ. ਕੀ ਹੈ?

ਕ੍ਰਿਮਿਨਲ ਕੇਸਜ਼ ਰਿਵਿਊ ਕਮਿਸ਼ਨ (ਸੀ.ਸੀ.ਆਰ.ਸੀ.) ਇੱਕ ਅਜਿਹਾ ਸੰਗਠਨ ਹੈ ਜਿਸ ਨੂੰ ਉਹਨਾਂ ਕੇਸਾਂ ਬਾਰੇ ਵਿਚਾਰ ਕਰਨ ਲਈ ਕਾਇਮ ਕੀਤਾ ਗਿਆ ਹੈ ਜਿੱਥੇ ਆਪਣੀ ਅਪੀਲ ਪਹਿਲਾਂ ਹੀ ਗੁਆ (ਹਾਰ) ਚੁੱਕੇ ਲੋਕਾਂ ਨੂੰ ਅਜੇ ਵੀ ਲੱਗਦਾ ਹੈ ਕਿ ਜੁਰਮ ਲਈ ਉਹਨਾਂ ਦਾ ਦੋਸ਼ ਗ਼ਲਤ ਸਾਬਤ ਕੀਤਾ ਗਿਆ ਹੈ ਜਾਂ ਉਹਨਾਂ ਨੂੰ ਗ਼ਲਤ ਸਜ਼ਾ ਦਿੱਤੀ ਗਈ ਹੈ।

ਜੇ ਸੀ.ਸੀ.ਆਰ.ਸੀ. ਨੂੰ ਲੱਗਦਾ ਹੈ ਕਿ ਦੋਸ਼ ਸਾਬਤ ਕਰਨ ਜਾਂ ਸਜ਼ਾ ਵਿੱਚ ਕੁਝ ਗ਼ਲਤ ਹੈ ਤਾਂ ਅਸੀਂ ਕੇਸ ਅਪੀਲ ਕੋਰਟ ਕੋਲ ਮੁੜ ਭੇਜ ਸਕਦੇ ਹਾਂ।

ਸੀ.ਸੀ.ਆਰ.ਸੀ. **ਪੂਰੀ ਤਰ੍ਹਾਂ ਸੁਤੰਤਰ ਹੈ**। ਅਸੀਂ ਅਦਾਲਤਾਂ, ਪੁਲਿਸ ਜਾਂ ਪ੍ਰੋਸੀਕਿਊਸ਼ਨ (ਮੁੱਕਦਮਾ ਕਰਨ ਵਾਲੀ ਧਿਰ) ਲਈ ਕੰਮ ਨਹੀਂ ਕਰਦੇ। ਅਸੀਂ ਉਹਨਾਂ ਲੋਕਾਂ ਲਈ ਕੰਮ ਨਹੀਂ ਕਰਦੇ ਜੋ ਆਪਣੇ ਕੇਸਾਂ ਦੀ ਸਮੀਖਿਆ ਲਈ ਦਰਖਾਸਤ ਦਿੰਦੇ ਹਨ। ਅਸੀਂ ਹਰ ਪੱਖ ਤੋਂ ਸੁਤੰਤਰ ਰਹਿੰਦੇ ਹਾਂ ਤਾਂ ਜੋ ਅਸੀਂ ਇਨਸਾਫ਼ ਦੀ ਕਥਿਤ ਨਾਕਾਮੀ ਦੀ ਨਿਰਪੱਖਤਾ ਨਾਲ ਜਾਂਚ ਕਰ ਸਕੀਏ।

ਅਸੀਂ ਉਸ ਸੂਰਤ ਵਿੱਚ ਕੇਸ ਨੂੰ ਮੁੜ ਅਪੀਲ ਕੋਰਟ ਵਿੱਚ ਭੇਜ ਸਕਦੇ ਹਾਂ ਜੇ ਕੋਈ ਅਹਿਮ ਨਵਾਂ ਸਬੂਤ ਜਾਂ ਕੋਈ ਹੋਰ ਅਹਿਮ ਨਵਾਂ ਮੁੱਦਾ ਹੁੰਦਾ ਹੈ ਜੋ ਦੋਸ਼ ਸਾਬਤ ਕਰਨ ਜਾਂ ਸਜ਼ਾ ਦੀ ਸੇਫ਼ਟੀ 'ਤੇ ਅਸਰ ਪਾ ਸਕਦਾ ਹੈ।

## ਸੀ.ਸੀ.ਆਰ.ਸੀ. ਕੀ ਕਰਦਾ ਹੈ?

- ਅਸੀਂ ਮਜਿਸਟਰੇਟ ਦੀ ਅਦਾਲਤ, ਕ੍ਰਾਊਨ ਕੋਰਟ, ਯੂਥ ਕੋਰਟ, ਕੋਰਟ ਮਾਰਸ਼ਲ ਜਾਂ ਸਰਵਿਸ ਸਿਵਲੀਅਨ ਕੋਰਟ ਵੱਲੋਂ ਸਾਬਤ ਕੀਤੇ ਫੌਜਦਾਰੀ ਦੋਸ਼ਾਂ ਜਾਂ ਸਜ਼ਾ ਦੀ ਜਾਂਚ **ਕਰ** ਸਕਦੇ ਹਾਂ।
- ਸਿਰਫ ਅਪੀਲ ਕੋਰਟਾਂ ਹੀ ਦੋਸ਼-ਸਿੱਧੀ ਨੂੰ ਉਲਟਾ ਸਕਦੀਆਂ ਹਨ ਜਾਂ ਸਜ਼ਾ ਘਟਾ ਸਕਦੀਆਂ ਹਨ। ਸੀ.ਸੀ.ਆਰ.ਸੀ. ਦਾ ਕੰਮ ਕੇਸਾਂ 'ਤੇ ਵਿਚਾਰ ਕਰਨਾ ਅਤੇ ਉਸ ਸੂਰਤ ਵਿੱਚ ਉਹਨਾਂ ਨੂੰ ਅਪੀਲ ਕੋਰਟਾਂ ਕੋਲ ਵਾਪਸ ਭੇਜਣਾ ਹੈ ਜੇ ਸਾਨੂੰ ਲੱਗਦਾ ਹੈ ਕਿ ਅਜਿਹਾ ਕਰਨ ਲਈ ਉਚਿਤ ਕਾਰਨ ਹੈ। ਜੇ ਅਸੀਂ ਕੇਸ ਨੂੰ ਅਪੀਲ ਲਈ ਭੇਜਦੇ ਹਾਂ ਤਾਂ ਅਦਾਲਤ ਨੂੰ ਲਾਜ਼ਮੀ ਤੌਰ 'ਤੇ ਅਪੀਲ ਦੀ ਸੁਣਵਾਈ ਕਰਨੀ ਚਾਹੀਦੀ ਹੈ। **ਜਦੋਂ ਅਸੀਂ ਕੇਸ ਨੂੰ ਅਪੀਲ ਲਈ ਭੇਜਦੇ ਹਾਂ, ਤਾਂ ਜੇਕਰ ਅਦਾਲਤ ਅਪੀਲ ਨੂੰ ਰੱਦ ਵੀ ਕਰ ਦਿੰਦੀ ਹੈ ਤਾਂ ਵੀ ਉਹ ਸਜ਼ਾ ਵਿੱਚ ਵਾਧਾ ਨਹੀਂ ਕਰ ਸਕਦੀ।**

- ਕੇਸਾਂ ਦੀ ਜਾਂਚ ਕਰਨ ਵਿੱਚ ਆਪਣੀ ਮਦਦ ਲਈ **ਸਾਡੇ ਕੋਲ ਵਿਸ਼ੇਸ਼ ਸ਼ਕਤੀਆਂ ਹੁੰਦੀਆਂ ਹਨ।** ਅਸੀਂ ਇੰਗਲੈਂਡ, ਵੇਲਜ਼ ਅਤੇ ਨੋਰਦਰਨ ਆਇਰਲੈਂਡ ਵਿੱਚ ਜਨਤਕ ਅਤੇ ਨਿੱਜੀ ਸੰਸਥਾਵਾਂ ਤੋਂ ਅਜਿਹੇ ਦਸਤਾਵੇਜ਼ ਪ੍ਰਾਪਤ ਕਰਨ ਲਈ ਇਹਨਾਂ ਸ਼ਕਤੀਆਂ ਦੀ ਵਰਤੋਂ ਕਰ ਸਕਦੇ ਹਾਂ ਜਿਹਨਾਂ ਬਾਰੇ ਸਾਨੂੰ ਲੱਗਦਾ ਹੈ ਕਿ ਇਹ ਜ਼ਰੂਰੀ ਹਨ। ਇਸ ਵਿੱਚ ਉਹ ਜਾਣਕਾਰੀ ਵੀ ਸ਼ਾਮਲ ਹੁੰਦੀ ਹੈ ਜੋ ਪੁਲਿਸ, ਪ੍ਰੋਸੀਕਿਊਸ਼ਨ ਅਤੇ ਅਦਾਲਤਾਂ ਕੋਲ ਰੱਖੀ ਹੁੰਦੀ ਹੈ। ਅਸੀਂ ਸਬੂਤ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ, ਨਵੇਂ ਕੇਸ ਲਾਅ ਬਾਰੇ ਵਿਚਾਰ ਕਰ ਸਕਦੇ ਹਾਂ, ਵਿਗਿਆਨਕ ਮਾਹਰਾਂ ਨੂੰ ਹਦਾਇਤ ਦੇ ਸਕਦੇ ਹਾਂ ਅਤੇ ਨਵੇਂ ਅਤੇ ਪੁਰਾਣੇ ਗਵਾਹਾਂ ਬਾਰੇ ਪਤਾ ਲਗਾ ਸਕਦੇ ਹਾਂ ਅਤੇ ਇੰਟਰਵਿਊ ਕਰ ਸਕਦੇ ਹਾਂ।
- ਅਸੀਂ **ਸੁਤੰਤਰ** ਹਾਂ। ਇਹ ਸੀ.ਸੀ.ਆਰ.ਸੀ. ਹੈ ਜੋ ਇਹ ਫੈਸਲਾ ਕਰਦਾ ਹੈ ਕਿ ਇਸ ਨੂੰ ਕਿਹੜਾ ਦਸਤਾਵੇਜ਼ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਕਿਹੜੀ ਜਾਂਚ ਕਰਨੀ ਚਾਹੀਦੀ ਹੈ।
- ਅਸੀਂ ਪੁਰਾਣੇ ਕੇਸਾਂ ਬਾਰੇ ਵੀ ਵਿਚਾਰ ਕਰ **ਸਕਦੇ** ਹਾਂ। ਸੀ.ਸੀ.ਆਰ.ਸੀ. ਨੂੰ ਅਰਜ਼ੀ ਦੇਣ ਲਈ ਕੋਈ ਸੀਮਾ ਨਹੀਂ ਹੈ, ਐਪਰ ਬਹੁਤ ਪੁਰਾਣੇ ਕੇਸਾਂ ਲਈ ਇਹ ਬਹੁਤ ਮੁਸ਼ਕਿਲ ਹੋ ਸਕਦਾ ਹੈ ਕਿਉਂਕਿ ਕਾਗਜ਼ਾਤ ਅਤੇ ਸਬੂਤ ਹੋ ਸਕਦਾ ਹੈ ਕਿ ਨਸ਼ਟ ਹੋ ਗਏ ਹੋਣ।

- ਅਸੀਂ ਤੁਹਾਡੇ ਕੇਸ ’ਤੇ ਤਾਂ ਵੀ ਵਿਚਾਰ ਕਰ ਸਕਦੇ ਹਾਂ ਭਾਵੇਂ ਤੁਹਾਡੀ ਕਾਨੂੰਨੀ ਤੌਰ ’ਤੇ ਪ੍ਰਤੀਨਿਧਤਾ ਨਹੀਂ ਕੀਤੀ ਗਈ ਹੈ। **ਤੁਹਾਨੂੰ ਸਾਡੇ ਕੋਲ ਦਰਖਾਸਤ ਦੇਣ ਲਈ ਕਾਨੂੰਨੀ ਪ੍ਰਤੀਨਿਧਤਾ ਲੈਣ ਦੀ ਲੋੜ ਨਹੀਂ ਹੁੰਦੀ** ਪਰ ਸੋਲਿਸਟਰ ਮਦਦ ਕਰ ਸਕਦਾ ਹੈ।

- ਅਸੀਂ ਰੋਕਮਈ ਹੁਕਮਾਂ ਬਾਰੇ ਵਿਚਾਰ **ਨਹੀਂ ਕਰ ਸਕਦੇ**, ਸਿਰਫ ਦੋਸ਼-ਸਿੱਧੀ ਜਾਂ ਸਜ਼ਾ ਉੱਤੇ ਕਰ ਸਕਦੇ ਹਾਂ ਜੋ ਇਸ ਕਾਰਨ ਪੈਦਾ ਹੋਈ ਹੈ।

- ਅਸੀਂ ਦੀਵਾਨੀ ਮਾਮਲਿਆਂ ਜਾਂ ਇਮੀਗ੍ਰੇਸ਼ਨ ਨਾਲ ਸਬੰਧਤ ਮਾਮਲਿਆਂ ਬਾਰੇ ਜਾਂਚ ਨਹੀਂ **ਕਰ ਸਕਦੇ।**

### ਸੀ.ਸੀ.ਆਰ.ਸੀ. ਲਈ ਕੌਣ ਦਰਖਾਸਤ ਦੇ ਸਕਦਾ ਹੈ?

ਕੋਈ ਵੀ ਵਿਅਕਤੀ ਸੀ.ਸੀ.ਆਰ.ਸੀ. ਲਈ ਦਰਖਾਸਤ ਦੇ ਸਕਦਾ ਹੈ ਜੇ ਉਹਨਾਂ ਨੂੰ ਲੱਗਦਾ ਹੈ ਕਿ ਇੱਕ ਫੌਜਦਾਰੀ ਜੁਰਮ ਲਈ ਗ਼ਲਤ ਢੰਗ ਨਾਲ ਉਹਨਾਂ ਦਾ ਦੋਸ਼ ਸਾਬਤ ਕੀਤਾ ਗਿਆ ਹੈ ਜਾਂ ਗ਼ਲਤ ਸਜ਼ਾ ਦਿੱਤੀ ਗਈ ਹੈ, ਇਹ ਉਦੋਂ ਤੱਕ ਹੁੰਦਾ ਹੈ ਜਦੋਂ ਉਹਨਾਂ ਦਾ ਦੋਸ਼ ਇੰਗਲੈਂਡ, ਵੇਲਜ਼ ਜਾਂ ਨੋਰਦਰਨ ਆਇਰਲੈਂਡ ਵਿੱਚ ਫੌਜਦਾਰੀ ਅਦਾਲਤ ਵਿੱਚ ਸਾਬਤ ਕੀਤਾ ਗਿਆ ਸੀ।

ਤੁਸੀਂ ਆਪਣੀ ਦੋਸ਼-ਸਿੱਧੀ, ਜਾਂ ਆਪਣੀ ਸਜ਼ਾ, ਜਾਂ ਦੋਵਾਂ ਲਈ ਵਿਚਾਰ ਕਰਨ ਵਾਸਤੇ ਸਾਨੂੰ ਕਹਿ ਸਕਦੇ ਹੋ।

ਸਾਨੂੰ ਦਰਖਾਸਤ ਦੇਣ ਲਈ **ਕੋਈ ਖਰਚ ਨਹੀਂ ਆਉਂਦਾ।**

### ਮੈਨੂੰ ਸੀ.ਸੀ.ਆਰ.ਸੀ. ਨੂੰ ਕਦੋਂ ਦਰਖਾਸਤ ਦੇਣੀ ਚਾਹੀਦੀ ਹੈ?

ਜਦੋਂ ਤੁਸੀਂ ਅਦਾਲਤਾਂ ਜ਼ਰੀਏ ਆਮ ਤਰੀਕੇ ਨਾਲ ਅਪੀਲ ਕਰਨ ਦੀ ਕੋਸ਼ਿਸ਼ ਕਰ ਚੁੱਕੇ ਹੁੰਦੇ ਹੋ ਤਾਂ ਫੇਰ ਉਸ ਤੋਂ

ਬਾਅਦ ਤੁਹਾਨੂੰ ਸੀ.ਸੀ.ਆਰ.ਸੀ. ਕੋਲ ਦਰਖਾਸਤ ਦੇਣੀ ਚਾਹੀਦੀ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਅਪੀਲ ਕਰਨ ਲਈ ਸਮਾਂ-ਸੀਮਾ ਖੁੰਝਾ ਦਿੱਤੀ ਹੈ ਤਾਂ ਫੇਰ ਵੀ ਤੁਸੀਂ ਅਪੀਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ।

ਜੇ ਤੁਸੀਂ ਅਦਾਲਤ ਨੂੰ ਅਪੀਲ ਨਹੀਂ ਕੀਤੀ ਹੈ ਤਾਂ ਅਜਿਹੇ ਵੱਖੋ-ਵੱਖਰੇ ਫਾਰਮ ਹੁੰਦੇ ਹਨ ਜਿਹਨਾਂ ਨੂੰ ਪਹਿਲੀ ਅਪੀਲ ਦੀ ਸ਼ੁਰੂਆਤ ਲਈ ਤੁਹਾਨੂੰ ਭਰਨ ਦੀ ਲੋੜ ਹੁੰਦੀ ਹੈ। ਇਹਨਾਂ ਫਾਰਮਾਂ ਨੂੰ ਕਈ ਵਾਰੀ ਇਸ ਦਸਤਾਵੇਜ਼ ਦੇ ਪਿਛਲੇ ਪਾਸੇ ਨੱਥੀ ਕੀਤਾ ਜਾਂਦਾ ਹੈ। ਜੇ ਤੁਸੀਂ ਇਹ ਫਾਰਮ ਨਹੀਂ ਲੱਭ ਸਕਦੇ ਤਾਂ ਤੁਸੀਂ ਸੀ.ਸੀ.ਆਰ.ਸੀ. ਨਾਲ ਸੰਪਰਕ ਕਰ ਸਕਦੇ ਹੋ ਅਤੇ ਅਸੀਂ ਤੁਹਾਨੂੰ ਇਹ ਭੇਜ ਦੇਵਾਂਗੇ।

ਜੇ ਤੁਸੀਂ ਪਹਿਲਾਂ ਹੀ ਆਪਣੀ ਅਪੀਲ ਗੁਆ ਚੁੱਕੇ ਹੋ ਪਰ ਅਜੇ ਵੀ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਗ਼ਲਤ ਢੰਗ ਨਾਲ ਦੋਸ਼ ਸਾਬਤ ਕੀਤਾ ਗਿਆ ਸੀ ਜਾਂ ਸਜ਼ਾ ਦਿੱਤੀ ਗਈ ਸੀ, ਤਾਂ ਤੁਹਾਨੂੰ ਆਪਣੇ ਕੇਸ ਦੀ ਸਮੀਖਿਆ ਲਈ ਸੀ.ਸੀ.ਆਰ.ਸੀ. ਕੋਲ ਦਰਖਾਸਤ ਦੇਣੀ ਚਾਹੀਦੀ ਹੈ।

**ਜੇ ਮੈਂ ਅਪੀਲ ਨਹੀਂ ਕੀਤੀ ਹੁੰਦੀ ਤਾਂ ਕੀ ਹੁੰਦਾ ਹੈ?**

ਜੇ ਤੁਸੀਂ ਅਦਾਲਤਾਂ ਜ਼ਰੀਏ ਆਮ ਢੰਗ ਨਾਲ ਅਪੀਲ ਨਹੀਂ ਕੀਤੀ ਹੈ, ਤਾਂ ਸੀ.ਸੀ.ਆਰ.ਸੀ. ਆਮ ਤੌਰ 'ਤੇ ਤੁਹਾਨੂੰ ਇਹ ਵਿਆਖਿਆ ਕਰਨ ਲਈ ਲਿਖੇਗਾ ਕਿ ਤੁਹਾਨੂੰ ਮੁੜ ਵਾਪਸ ਜਾਣ ਅਤੇ ਆਮ ਢੰਗ ਨਾਲ ਅਪੀਲ ਕਰਨ ਦੀ ਕੋਸ਼ਿਸ਼ ਕਰਨ ਦੀ ਲੋੜ ਹੁੰਦੀ ਹੈ।

ਸੀ.ਸੀ.ਆਰ.ਸੀ.ਅਜਿਹੇ ਬਹੁਤ ਘੱਟ ਕੇਸ ਸਵੀਕਾਰ ਕਰਦਾ ਹੈ ਜਿੱਥੇ ਲੋਕ ਆਮ ਢੰਗ ਨਾਲ ਅਪੀਲ ਕਰਨ ਵਾਸਤੇ ਕੋਸ਼ਿਸ਼ ਕਰਨ ਤੋਂ ਪਹਿਲਾਂ ਸਾਡੇ ਕੋਲ ਦਰਖਾਸਤ ਦਿੰਦੇ ਹਨ। ਅਸੀਂ ਸਿਰਫ ਉਸ ਸੂਰਤ ਵਿੱਚ ਅਗਾਊਂ ਅਪੀਲ ਦੀ ਗੈਰਮੌਜੂਦਗੀ ਵਿੱਚ ਕੇਸਾਂ ਨੂੰ ਭੇਜ ਕਰ ਸਕਦੇ ਹਾਂ ਜੇ "ਅੱਪਵਾਦਕ ਹਾਲਾਤ'' (ਬਹੁਤ ਖਾਸ ਕਾਰਨ) ਹੁੰਦੇ ਹਨ।

**"ਅੱਪਵਾਦਕ ਹਾਲਾਤ'' ਕੀ ਹੁੰਦੇ ਹਨ**

ਅੱਪਵਾਦਕ ਹਾਲਾਤ ਬਹੁਤ ਘੱਟ ਹੁੰਦੇ ਹਨ। ਇਸ ਬਾਰੇ ਵਾਜਬ ਕਾਰਨ ਹੋਣਾ ਚਾਹੀਦਾ ਹੈ ਕਿ ਤੁਸੀਂ ਅਪੀਲ ਕਿਉਂ ਨਹੀਂ ਕੀਤੀ ਸੀ ਅਤੇ **ਸੀ.ਸੀ.ਆਰ.ਸੀ. ਦੀ ਮਦਦ ਤੋਂ ਬਗੈਰ ਹੁਣ ਅਪੀਲ ਨਹੀਂ ਕਰ ਸਕਦੇ।** ਕੋਈ ਵੀ ਆਪਣੇ ਆਪ ਹੋਣ ਵਾਲੇ ਅੱਪਵਾਦਕ ਹਾਲਾਤ ਨਹੀਂ ਹੁੰਦੇ। ਅਸੀਂ ਹਰੇਕ ਕੇਸ ਦੇ ਤੱਥਾਂ ਬਾਰੇ ਫੈਸਲਾ ਕਰਦੇ ਹਾਂ ਕਿ ਕੀ ਅੱਪਵਾਦਕ ਹਾਲਾਤ ਹਨ।

**ਕਿਹੜੇ ਅੱਪਵਾਦਕ ਹਾਲਾਤ <u>ਨਹੀਂ</u> ਹੁੰਦੇ ਹਨ?**

ਹੇਠਾਂ ਕੁਝ ਉਦਾਹਰਣਾਂ ਦਿੱਤੀਆਂ ਹਨ ਜੋ ਅੱਪਵਾਦਕ ਹਾਲਾਤ **<u>ਨਹੀਂ</u>** ਹੁੰਦੀਆਂ:

- ਤੁਸੀਂ ਅਪੀਲ ਕਰਨੀ ਭੁੱਲ ਗਏ ਸੀ ਜਾਂ ਤੁਸੀਂ ਸਮਾਂ-ਸੀਮਾ ਖੁੰਝਾ ਦਿੱਤੀ ਹੈ। ਅਜਿਹੀਆਂ ਸਥਿਤੀਆਂ ਵਿੱਚ ਤੁਸੀਂ ਅਜੇ ਵੀ ਅਦਾਲਤ ਨੂੰ ਅਪੀਲ ਲਈ ਕਹਿ ਸਕਦੇ ਹੋ। ਇਸ ਨੂੰ "ਸਮੇਂ ਤੋਂ ਬਾਅਦ'' ਵਾਲੀ ਅਪੀਲ ਕਿਹਾ ਜਾਂਦਾ ਹੈ।
- ਤੁਹਾਨੂੰ ਆਪਣੇ ਸੋਲਿਸਟਰ ਜਾਂ ਬੈਰਿਸਟਰ ਤੋਂ ਸਲਾਹ ਮਿਲੀ ਸੀ ਕਿ ਤੁਹਾਡੇ ਕੋਲ ਅਪੀਲ ਕਰਨ ਦਾ ਕੋਈ ਅਧਾਰ ਨਹੀਂ ਹੈ। ਇਹ ਤੁਹਾਨੂੰ ਅਪੀਲ ਕਰਨ ਤੋਂ ਨਹੀਂ ਰੋਕਦਾ।
- ਤੁਸੀਂ ਆਪਣੀ ਅਪੀਲ ਵਾਸਤੇ ਮਦਦ ਲਈ ਇੱਕ ਸੋਲਿਸਟਰ ਜਾਂ ਬੈਰਿਟਰ (ਦੀਆਂ ਸੇਵਾਵਾਂ) ਨਹੀਂ ਲੈ ਸਕੇ

ਹੋ। ਤੁਸੀਂ ਕਾਨੂੰਨੀ ਸਹਾਇਤਾ ਤੋਂ ਬਗੈਰ ਆਪਣੇ ਆਪ ਅਪੀਲ ਲਈ ਦਰਖਾਸਤ ਦੇ ਸਕਦੇ ਹੋ।

**ਮੈਂ ਆਮ ਢੰਗ ਨਾਲ ਅਪੀਲ ਕਰਨ ਲਈ ਕਿੱਥੋਂ ਪਤਾ ਲਗਾ ਸਕਦਾ/ਸਕਦੀ ਹਾਂ?**
ਤੁਸੀਂ *ਅਪੀਲ ਕਿਵੇਂ ਕਰਨੀ ਹੈ (ਹਾਓ ਟੂ ਅਪੀਲ)* ਨਾਮਕ ਕਿਤਾਬ ਵਿੱਚ ਬਹੁਤ ਸਾਰੀ ਉਪਯੋਗੀ ਜਾਣਕਾਰੀ ਲੱਭ ਸਕਦੇ ਹੋ। ਇਸ ਨੂੰ ਚੈਰਿਟੀ ਜਸਟਿਸ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਤੁਸੀਂ ਜੇਲ੍ਹ ਦੀ ਲਾਇਬ੍ਰੇਰੀ ਵਿੱਚੋਂ ਇਸ ਦੀ ਇੱਕ ਕਾਪੀ ਲੈ ਸਕਦੇ ਹੋ ਅਤੇ ਇਸ ਨੂੰ www.justice.org.uk/resources.php/274/how-to-appeal 'ਤੇ ਇੰਟਰਨੈਟ 'ਤੇ ਦੇਖਿਆ ਜਾ ਸਕਦਾ ਹੈ। ਤੁਸੀਂ ਅਪੀਲ ਫਾਰਮ ਲਈ ਪੁੱਛਣ ਵਾਸਤੇ ਸੀ.ਸੀ.ਆਰ.ਸੀ. ਨਾਲ ਸੰਪਰਕ ਕਰ ਸਕਦੇ ਹੋ।

**ਮੈਂ ਸੀ.ਸੀ.ਆਰ.ਸੀ. ਨੂੰ ਕਿਵੇਂ ਦਰਖਾਸਤ ਦੇਵਾਂ?**

- ਜੇ ਤੁਸੀਂ ਇੱਕ ਅਪੀਲ ਗੁਆ ਚੁੱਕੇ ਹੋ ਅਤੇ ਹੁਣ ਸੀ.ਸੀ.ਆਰ.ਸੀ. ਨੂੰ ਦਰਖਾਸਤ ਦੇਣੀ ਚਾਹੁੰਦੇ ਹੋ, ਤਾਂ ਸੀ.ਸੀ.ਆਰ.ਸੀ. ਦੇ ਦਰਖਾਸਤ ਫਾਰਮ ਦੀ ਵਰਤੋਂ ਕਰਦੇ ਹੋਏ ਅਰਜ਼ੀਆਂ ਦੇਣ ਦੀ ਲੋੜ ਹੁੰਦੀ ਹੈ। ਇਹ ਦਰਖਾਸਤ ਫਾਰਮ ਇੱਕ ਟੈਸਟ ਨਹੀਂ ਹੈ ਅਤੇ ਅਸੀਂ ਇਸ ਨੂੰ ਜਿੰਨਾ ਵੱਧ ਤੋਂ ਵੱਧ ਹੋ ਸਕਦਾ ਹੈ ਓਨਾ ਅਸਾਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਜੇ ਤੁਸੀਂ ਸਾਡੇ ਨਾਲ ਸੰਪਰਕ ਕਰਦੇ ਹੋ ਤਾਂ ਅਸੀਂ ਤੁਹਾਨੂੰ ਇੱਕ ਦਰਖਾਸਤ ਫਾਰਮ ਡਾਕ ਰਾਹੀਂ ਭੇਜਾਂਗੇ। ਸਾਡੇ ਸੰਪਰਕ ਵੇਰਵੇ ਇਸ ਦਸਤਾਵੇਜ਼ ਦੇ ਆਖਰ ਵਿੱਚ ਦਿੱਤੇ ਹਨ। ਤੁਹਾਨੂੰ ਦਰਖਾਸਤ ਫਾਰਮ ਸਾਡੇ ਕੋਲ ਭੇਜਣ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਇਸ ਉੱਤੇ ਦਸਤਖਤ ਕਰਨੇ ਚਾਹੀਦੇ ਹਨ।
- ਅਪੀਲ ਕੋਰਟ ਵਿੱਚ ਤੁਹਾਡਾ ਕੇਸ ਭੇਜ ਸਕਣ ਲਈ ਸੀ.ਸੀ.ਆਰ.ਸੀ. ਲਈ **ਨਵਾਂ ਮਹੱਤਵਪੂਰਨ ਸਬੂਤ ਜਾਂ ਨਵੀਂ ਕਾਨੂੰਨੀ ਦਲੀਲ** ਹੋਣੀ ਚਾਹੀਦੀ ਹੈ। ਇਹ ਕੋਈ ਅਜਿਹੀ ਗੱਲ ਹੋਣੀ ਚਾਹੀਦੀ ਹੈ ਜਿਸ ਨੂੰ ਇਸ ਤੋਂ ਪਹਿਲਾਂ ਅਦਾਲਤ ਨੇ ਨਹੀਂ ਸੁਣਿਆ ਹੈ।
- ਦਰਖਾਸਤ ਫਾਰਮ ਸਾਨੂੰ ਇਸ ਬਾਰੇ ਦੱਸਣ ਲਈ ਤੁਹਾਡੇ ਕੋਲ ਇੱਕ ਮੌਕਾ ਹੈ ਕਿ ਤੁਹਾਡੀ ਦੋਸ਼-ਸਿੱਧੀ ਅਤੇ/ਜਾਂ ਸਜ਼ਾ ਵਿੱਚ ਕੀ ਗ਼ਲਤ ਹੈ।

**"ਨਵਾਂ ਮਹੱਤਵਪੂਰਨ ਸਬੂਤ ਜਾਂ ਕਾਨੂੰਨੀ ਦਲੀਲ" ਕੀ ਹੈ?**
ਇਸ ਦਾ ਅਰਥ ਹੈ ਕਿ ਕੋਈ ਅਜਿਹੀ ਗੱਲ ਜਿਸ ਨੂੰ ਤੁਹਾਡੇ ਮੁਕੱਦਮੇ ਜਾਂ ਤੁਹਾਡੀ ਅਪੀਲ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ - ਮਿਸਾਲ ਲਈ, ਨਵੇਂ ਸਬੂਤ ਬਾਰੇ ਉਸ ਸਮੇਂ ਪਤਾ ਨਹੀਂ ਸੀ, ਜਾਂ ਵਿਗਿਆਨ ਵਿੱਚ ਇੱਕ ਨਵੀਂ ਪ੍ਰਗਤੀ (ਘਟਨਾ) ਹੈ। ਅਸੀਂ ਉਹਨਾਂ ਗੱਲਾਂ 'ਤੇ ਵਿਚਾਰ ਨਹੀਂ ਕਰ ਸਕਦੇ ਜਿਹਨਾਂ ਬਾਰੇ ਜਿਊਰੀ, ਜੱਜ ਜਾਂ ਮਜਿਸਟਰੇਟਾਂ ਨੂੰ ਪਤਾ ਸੀ, ਬਾਵਜੂਦ ਇਸ ਗੱਲ ਦੇ ਕਿ ਤੁਹਾਨੂੰ ਲੱਗਦਾ ਹੈ ਕਿ ਉਹਨਾਂ ਨੇ ਤੁਹਾਡੇ ਕੇਸ ਵਿੱਚ ਗ਼ਲਤ ਫੈਸਲਾ ਕੀਤਾ ਹੈ। ਸਾਨੂੰ ਕਿਸੇ ਨਵੀਂ ਗੱਲ ਦੀ ਪਹਿਚਾਣ ਕਰਨ ਦੀ ਲੋੜ ਹੈ ਜੋ ਤੁਹਾਡੇ ਕੇਸ ਨੂੰ ਹੁਣ ਬਹੁਤ ਵੱਖਰਾ ਬਣਾਉਂਦੀ ਹੈ।

ਅਸੀਂ ਉਸ ਸੂਰਤ ਵਿੱਚ ਮਦਦ ਨਹੀਂ ਕਰ ਸਕਦੇ ਜੇ ਤੁਸੀਂ ਸਾਨੂੰ ਦਿੱਤੀ ਅਰਜ਼ੀ ਵਿੱਚ ਮਹਿਜ਼ ਉਹੀ ਨੁਕਤੇ ਦੁਹਰਾਉਂਦੇ ਹੋ ਜੋ ਤੁਸੀਂ ਆਪਣੇ ਮੁਕੱਦਮੇ ਜਾਂ ਅਪੀਲ ਵਿੱਚ ਦਿੱਤੇ ਸਨ। ਸੀ.ਸੀ.ਆਰ.ਸੀ. ਨੂੰ ਕੁਝ ਨਵੀਂ ਅਤੇ

ਅਹਿਮ ਜਾਣਕਾਰੀ ਦੀ ਲੋੜ ਹੈ ਜਿਸ ਨਾਲ ਅਪੀਲ ਕੋਰਟ ਤੁਹਾਡੇ ਕੇਸ ਬਾਰੇ ਵੱਖਰੇ ਤਰੀਕੇ ਨਾਲ ਸੋਚੇਗੀ। ਤੁਹਾਨੂੰ ਆਪਣੇ ਦਰਖਾਸਤ ਫਾਰਮ ਵਿੱਚ ਸਾਨੂੰ ਉਹ ਹਰੇਕ ਗੱਲ ਦੱਸਣ ਦੀ ਲੋੜ ਹੁੰਦੀ ਹੈ ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਇਹ ਨਵੀਂ ਹੈ ਅਤੇ ਇਹ ਤੁਹਾਡੇ ਕੇਸ ਵਿੱਚ ਫਰਕ ਲਿਆ ਸਕਦੀ ਹੈ।

**ਤੁਸੀਂ ਮੇਰੀ ਦਰਖਾਸਤ ਫਾਰਮ ਨਾਲ ਕੀ ਕਰੋਗੇ?**

ਜਦੋਂ ਅਸੀਂ ਤੁਹਾਡਾ ਦਰਖਾਸਤ ਫਾਰਮ ਪ੍ਰਾਪਤ ਕਰਦੇ ਹਾਂ, ਤਾਂ ਅਸੀਂ ਤੁਹਾਨੂੰ ਇਸ ਬਾਰੇ ਲਿਖਾਂਗੇ ਕਿ ਅੱਗੇ ਕੀ ਹੋਵੇਗਾ। ਅਸੀਂ ਫੇਰ ਅਜਿਹੀ ਕੋਈ ਸਾਮਗਰੀ ਲਵਾਂਗੇ ਜਿਸ ਦੀ ਸਾਨੂੰ ਲੋੜ ਪੈ ਸਕਦੀ ਹੈ, ਜਿਵੇਂ ਕਿ ਤੁਹਾਡਾ ਦੋਸ਼ ਸਾਬਤ ਕਰਨ ਵਾਲੀ ਅਦਾਲਤ ਅਤੇ ਤੁਹਾਡੀ ਅਪੀਲ ਤੋਂ ਫਾਇਲਾਂ ਲੈਣੀਆਂ। ਇਸ ਤੋਂ ਪਹਿਲਾਂ ਕਿ ਅਸੀਂ ਇਹ ਫੈਸਲਾ ਕਰ ਸਕੀਏ ਕਿ ਕੀ ਅਸੀਂ ਤੁਹਾਡੇ ਕੇਸ ਦੀ ਸਮੀਖਿਆ ਕਰ ਸਕਦੇ ਹਾਂ ਸਾਨੂੰ ਹੋਰ ਦਸਤਾਵੇਜ਼ ਪ੍ਰਾਪਤ ਕਰਨ ਦੀ ਲੋੜ ਪੈ ਸਕਦੀ ਹੈ। ਜੇ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਸਾਨੂੰ ਤੁਹਾਡੇ ਕੇਸ ਦੀ ਸਮੀਖਿਆ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਅਸੀਂ ਤੁਹਾਨੂੰ ਇਸ ਬਾਰੇ ਲਿਖਾਂਗੇ।

ਐਪਰ, ਅਸੀਂ ਇਹ ਫੈਸਲਾ ਕਰ ਸਕਦੇ ਹਾਂ ਕਿ ਅਸੀਂ ਤੁਹਾਡੇ ਕੇਸ ਦੀ ਸਮੀਖਿਆ ਨਹੀਂ ਕਰ ਸਕਦੇ, ਮਿਸਾਲ ਲਈ:

- ਜੇ ਤੁਹਾਡੀ ਇੱਕ ਅਪੀਲ ਲੰਬਤ ਹੈ।
- ਜੇ ਤੁਸੀਂ ਪਹਿਲਾਂ ਅਪੀਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਹੈ ਅਤੇ ਤੁਹਾਡੇ ਵੱਲੋਂ ਆਮ ਤਰੀਕੇ ਨਾਲ ਅਪੀਲ ਕਰਨ ਦੀ ਕੋਸ਼ਿਸ਼ ਕੀਤੇ ਜਾਣ ਤੋਂ ਪਹਿਲਾਂ ਇਸ ਬਾਰੇ ਕੋਈ ਖਾਸ ਕਾਰਨ ਨਹੀਂ ਹਨ ਕਿ ਸਾਨੂੰ ਤੁਹਾਡੇ ਕੇਸ ਦੀ ਸਮੀਖਿਆ ਕਿਉਂ ਕਰਨੀ ਚਾਹੀਦੀ ਹੈ। (ਉਪਰ ਦੇਖੋ *ਜੇ ਮੈਂ ਅਪੀਲ ਨਹੀਂ ਕੀਤੀ ਹੁੰਦੀ ਤਾਂ ਕੀ ਹੁੰਦਾ ਹੈ?*)
- ਜੇ ਤੁਹਾਡੀ ਅਰਜ਼ੀ ਕੋਈ ਵੀ ਨਵੇਂ ਮਹੱਤਵਪੂਰਨ ਨੁਕਤੇ ਉਜਾਗਰ ਨਹੀਂ ਕਰਦੀ ਜਿਸ ਨਾਲ ਅਸੀਂ ਤੁਹਾਡੇ ਕੇਸ ਨੂੰ ਅਪੀਲ ਲਈ ਭੇਜ ਸਕਦੇ ਹਾਂ।

ਜੇ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਅਜਿਹੀ ਸਥਿਤੀ ਤੁਹਾਡੇ ਕੇਸ ਵਿੱਚ ਲਾਗੂ ਹੁੰਦੀ ਹੈ, ਤਾਂ ਅਸੀਂ ਆਪਣੇ ਫੈਸਲੇ ਨੂੰ ਸਪਸ਼ਟ ਕਰਨ ਲਈ ਤੁਹਾਨੂੰ ਲਿਖਾਂਗੇ।

**ਤੁਸੀਂ ਮੇਰੀ ਜਾਣਕਾਰੀ ਨਾਲ ਕੀ ਕਰੋਗੇ?**

ਜੇ ਤੁਸੀਂ ਸਾਨੂੰ ਦਰਖਾਸਤ ਦਿੰਦੇ ਹੋ ਤਾਂ ਅਸੀਂ ਤੁਹਾਡੇ ਵੱਲੋਂ ਸਾਨੂੰ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਤੁਹਾਡੇ ਕੇਸ ਬਾਰੇ ਵਿਚਾਰ ਕਰਨ ਵਿੱਚ ਮਦਦ ਲਈ ਕਰਾਂਗੇ। ਅਸੀਂ ਇਸ ਦੀ ਵਰਤੋਂ ਹੋਰਨਾਂ ਸੰਗਠਨਾਂ ਨਾਲ ਸਬੰਧਤ ਸਾਮਗਰੀਆਂ ਨੂੰ ਪ੍ਰਾਪਤ ਕਰਨ ਲਈ ਕਰ ਸਕਦੇ ਹਾਂ। ਇਹ ਤੁਹਾਡੇ ਬਾਰੇ ਜਾਂ ਕਿਸੇ ਵੀ ਹੋਰ ਵਿਅਕਤੀ ਜਾਂ ਵਿਸ਼ੇ ਬਾਰੇ ਜਾਣਕਾਰੀ ਹੋ ਸਕਦੀ ਹੈ ਜੇ ਸਾਨੂੰ ਲੱਗਦਾ ਹੈ ਕਿ ਇਸ ਦਾ ਤੁਹਾਡੇ ਕੇਸ 'ਤੇ ਪ੍ਰਭਾਵ ਪੈ ਸਕਦਾ ਹੈ।

ਅਸੀਂ ਕੋਈ ਵੀ ਸਾਮਗਰੀ ਲੈ ਸਕਦੇ ਹਾਂ ਜਿਸ ਬਾਰੇ ਸਾਨੂੰ ਲੱਗਦਾ ਹੈ ਕਿ ਤੁਹਾਡੇ ਕੇਸ ਦੀ ਜਾਂਚ ਕਰਨ ਲਈ ਸਾਨੂੰ ਇਸ ਦੀ ਲੋੜ ਹੈ ਬਾਵਜੂਦ ਇਸ ਗੱਲ ਦੇ ਕਿ ਸੰਸਥਾਵਾਂ ਜਾਂ ਵਿਅਕਤੀ ਨਹੀਂ ਚਾਹੁੰਦੇ ਕਿ ਅਸੀਂ ਇਹਨਾਂ ਨੂੰ ਪ੍ਰਾਪਤ ਕਰੀਏ। ਇੱਕ ਵਾਰੀ ਜਦੋਂ ਅਸੀਂ ਤੁਹਾਡੇ ਕੇਸ ਦੀ ਜਾਂਚ ਕਰਨੀ ਸ਼ੁਰੂ ਕਰ ਦਿੰਦੇ ਹਾਂ ਤਾਂ ਅਸੀਂ ਇਹ ਫੈਸਲਾ ਕਰਾਂਗੇ ਕਿ ਅਸੀਂ ਕਿਹੜੀ ਸਾਮਗਰੀ ਪ੍ਰਾਪਤ ਕਰਨੀ ਚਾਹੁੰਦੇ ਹਾਂ।

ਅਸੀਂ ਆਪਣੇ ਕੋਲ ਰੱਖੀ ਜਾਣਕਾਰੀ ਦਾ ਬਹੁਤ ਜ਼ਿਆਦਾ ਧਿਆਨ ਰੱਖਦੇ ਹਾਂ। ਅਸੀਂ ਸਿਰਫ ਉਹੀ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰਦੇ ਹਾਂ ਜਿਸ ਦੀ ਸਾਨੂੰ ਲੋੜ ਹੁੰਦੀ ਹੈ, ਅਤੇ ਇਸ ਨੂੰ ਉਦੋਂ ਤੱਕ ਰੱਖਦੇ ਹਾਂ ਜਦੋਂ ਤੱਕ ਸਾਨੂੰ ਇਸ ਦੀ ਲੋੜ ਹੁੰਦੀ ਹੈ। ਅਸੀਂ ਇਸ ਬਾਰੇ ਬਹੁਤ ਧਿਆਨ ਰੱਖਦੇ ਹਾਂ ਕਿ ਅਸੀਂ ਤੁਹਾਡੇ ਕੇਸਾਂ ਨਾਲ ਸਬੰਧਤ ਜਾਣਕਾਰੀ ਨੂੰ ਕਿਵੇਂ ਅਤੇ ਕਦੋਂ ਸਾਂਝਾ ਕਰਨਾ ਹੈ ਅਤੇ ਅਸੀਂ ਉਸ ਵੇਲੇ ਹੀ ਇਸ ਨੂੰ ਸਾਂਝੀ ਕਰਦੇ ਹਾਂ ਜੇ ਕ੍ਰਿਮਿਨਲ ਅਪੀਲ ਐਕਟ 1995 ਅਤੇ ਡੈਟਾ ਪ੍ਰੋਟੈਕਸ਼ਨ ਐਕਟ 1998 ਰਾਹੀਂ ਇਸ ਦੀ ਆਗਿਆ ਦਿੱਤੀ ਜਾਂਦੀ ਹੈ।

ਜਦੋਂ ਅਸੀਂ ਅਪੀਲ ਲਈ ਇੱਕ ਕੇਸ ਭੇਜਦੇ ਹਾਂ, ਤਾਂ ਅਪੀਲ ਨਾਲ ਸਬੰਧਤ ਜਾਣਕਾਰੀ ਆਮ ਤੌਰ 'ਤੇ ਬਿਨੈਕਾਰ, ਅਪੀਲ ਕੋਰਟ ਅਤੇ ਪ੍ਰੋਸੀਕਿਊਸ਼ਨ ਨਾਲ ਸਾਂਝੀ ਕੀਤੀ ਜਾਂਦੀ ਹੈ। ਜਦੋਂ ਅਸੀਂ ਕੇਸ ਭੇਜਦੇ ਹਾਂ ਤਾਂ ਅਸੀਂ ਆਮ ਤੌਰ 'ਤੇ ਇਸ ਕੇਸ ਵਿੱਚ ਸ਼ਾਮਲ ਪੀੜ੍ਹਤ ਨੂੰ ਸੂਚਿਤ ਕਰਾਂਗੇ। ਅਸੀਂ ਕੇਸ ਦੀ ਪਹਿਚਾਣ ਕਰਨ ਅਤੇ ਉਹਨਾਂ ਮੁਢਲੇ ਕਾਰਨਾਂ, ਜਿਸ ਕਰਕੇ ਇਸ ਨੂੰ ਭੇਜਿਆ ਗਿਆ ਹੈ, ਬਾਰੇ ਦੱਸਣ ਲਈ ਆਮ ਤੌਰ 'ਤੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਦੇ ਹਾਂ। ਅਸੀਂ ਬਿਨੈਕਾਰ ਦੇ ਸੰਪਰਕ ਵੇਰਵੇ ਮਿਸਕੈਰਿਜ ਆਫ ਜਸਟਿਸ ਸਪੋਰਟ ਸਰਵਿਸ ਨਾਲ ਵੀ ਸਾਂਝੇ ਕਰ ਸਕਦੇ ਹਾਂ ਜੋ ਇੱਕ ਅਜਿਹੀ ਚੈਰਿਟੀ ਹੈ ਜੋ ਉਹਨਾਂ ਲੋਕਾਂ ਲਈ ਮਦਦ ਦੀ ਪੇਸ਼ਕਸ਼ ਕਰਦੀ ਹੈ ਜਿਹਨਾਂ ਦਾ ਦੋਸ਼ ਗ਼ਲਤ ਸਾਬਤ ਕੀਤਾ ਗਿਆ ਹੈ।

**ਮੇਰੇ ਕੇਸ ਬਾਰੇ ਕੌਣ ਫੈਸਲਾ ਕਰੇਗਾ?**

ਸਾਡੇ ਕਮਿਸ਼ਨਰ ਇਹ ਫੈਸਲਾ ਕਰਦੇ ਹਨ ਕਿ ਕੀ ਕੇਸ ਨੂੰ ਮੁੜ ਅਪੀਲ ਕੋਰਟ ਕੋਲ ਭੇਜਣਾ ਚਾਹੀਦਾ ਹੈ ਜਾਂ ਨਹੀਂ। ਸਾਡੇ ਕਮਿਸ਼ਨਰ ਵੱਖ-ਵੱਖ ਤਰ੍ਹਾਂ ਦੇ ਪੇਸ਼ੇਵਰ ਪਿਛੋਕੜਾਂ ਤੋਂ ਆਉਂਦੇ ਹਨ। ਜ਼ਿਆਦਾਤਰ ਕਾਨੂੰਨੀ ਤੌਰ 'ਤੇ ਯੋਗਤਾ ਪ੍ਰਾਪਤ ਹੁੰਦੇ ਹਨ ਅਤੇ ਉਹਨਾਂ ਸਾਰਿਆਂ ਦੀ ਚੋਣ ਪੇਚੀਦਾ ਕੇਸਾਂ ਵਿੱਚ ਅਹਿਮ ਫੈਸਲੇ ਲੈਣ ਦੇ ਉਹਨਾਂ ਦੇ ਤਜਰਬੇ ਅਤੇ ਯੋਗਤਾ ਕਰਕੇ ਕੀਤੀ ਗਈ ਹੈ। ਕਮਿਸ਼ਨਰਾਂ ਦੀ ਨਿਯੁਕਤੀ ਦ ਕੁਈਨ (The Queen) ਵੱਲੋਂ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਕੀਤੀ ਜਾਂਦੀ ਹੈ।

**ਇਸ ਨੂੰ ਕਿੰਨਾ ਸਮਾਂ ਲੱਗੇਗਾ?**

ਇੱਕ ਸਮੀਖਿਆ ਤੁਰੰਤ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਕੁਝ ਹਫ਼ਤੇ ਲੱਗ ਸਕਦੇ ਹਨ, ਜਾਂ ਇਹ ਜ਼ਿਆਦਾ ਪੇਚੀਦਾ ਹੋ ਸਕਦੀ ਹੈ ਅਤੇ ਇਸ ਨੂੰ ਕਈ ਮਹੀਨੇ ਲੱਗ ਸਕਦੇ ਹਨ।

**ਕੀ ਮੈਨੂੰ ਲੀਗਲ ਏਡ (ਕਾਨੂੰਨੀ ਸਹਾਇਤਾ) ਮਿਲੇਗੀ?**

ਸੀ.ਸੀ.ਆਰ.ਸੀ. ਨੂੰ ਇੱਕ ਅਰਜ਼ੀ ਦੇਣ ਵਾਸਤੇ ਮਦਦ ਲਈ ਇੱਕ ਸੋਲਿਸਟਰ ਲੀਗਲ ਏਡ ਸਕੀਮ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਤੁਸੀਂ 0845 345 4345 'ਤੇ ਕਮਿਊਨਿਟੀ ਲੀਗਲ ਐਡਵਾਇਸ ਨਾਲ ਸੰਪਰਕ ਕਰਕੇ ਜਾਂ ਉਹਨਾਂ ਦੀ ਵੈਬਸਾਈਟ www.communitylegaladvice.org.uk 'ਤੇ ਜਾ ਕੇ ਵਕੀਲ ਲੱਭਣ ਬਾਰੇ ਸਲਾਹ ਲੈ ਸਕਦੇ ਹੋ।

**ਸੀ.ਸੀ.ਆਰ.ਸੀ. ਮੈਨੂੰ ਮੇਰੇ ਕੇਸ ਬਾਰੇ ਕਿਵੇਂ ਦੱਸੇਗਾ?**

ਜ਼ਿਆਦਾਤਰ ਸਮੇਂ ਅਸੀਂ ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਲਿਖਤੀ ਰੂਪ ਵਿੱਚ ਦੱਸਾਂਗੇ। ਜਦੋਂ ਸਾਨੂੰ ਤੁਹਾਡਾ ਦਰਖਾਸਤ ਫਾਰਮ ਪ੍ਰਾਪਤ ਹੁੰਦਾ ਹੈ ਤਾਂ ਅਸੀਂ ਹਮੇਸ਼ਾ ਤੁਹਾਡੇ ਨਾਲ ਸੰਪਰਕ ਕਰਾਂਗੇ (ਜਾਂ ਤਾਂ ਡਾਕ ਰਾਹੀਂ ਜਾਂ

ਜੇਕਰ ਤੁਸੀਂ ਸਾਨੂੰ ਈਮੇਲ ਪਤਾ ਦਿੱਤਾ ਹੈ ਤਾਂ ਈਮੇਲ ਰਾਹੀਂ)। ਤੁਹਾਡੇ ਕੇਸ ਵਿੱਚ ਕੋਈ ਵੀ ਨਵੀਂ ਗੱਲ ਹੋਣ ਬਾਰੇ ਅਸੀਂ ਤੁਹਾਨੂੰ ਤਾਜ਼ਾ ਜਾਣਕਾਰੀ ਦੇਵਾਂਗੇ (ਜਾਂ ਤਾਂ ਡਾਕ ਰਾਹੀਂ ਜਾਂ ਫੇਰ ਈਮੇਲ ਰਾਹੀਂ), ਇਸ ਲਈ ਇਹ ਮਹੱਤਵਪੂਰਨ ਹੈ ਕਿ ਸਾਡੇ ਕੋਲ ਤੁਹਾਡਾ ਸਹੀ ਪਤਾ ਹੋਵੇ। ਜੇ ਤੁਹਾਡਾ ਪਤਾ ਬਦਲ ਜਾਂਦਾ ਹੈ ਜਾਂ ਤੁਹਾਡੀ ਜੇਲ੍ਹ ਬਦਲ ਜਾਂਦੀ ਹੈ ਤਾਂ ਸਾਨੂੰ ਇਸ ਬਾਰੇ ਦੱਸਣਾ ਨਾ ਭੁਲਿਓ।

ਜੇਲ੍ਹ ਵਿੱਚੋਂ ਸੀ.ਸੀ.ਆਰ.ਸੀ. ਨਾਲ ਸੂਚਨਾ ਦਾ ਅਦਾਨ-ਪ੍ਰਦਾਨ ਕਰਨ ਲਈ ਨਿਯਮ ਪ੍ਰਿਜ਼ਨ ਸਰਵਿਸ ਆਰਡਰ 4400 ਵਿੱਚ ਦੱਸੇ ਗਏ ਹਨ। ਜੇ ਤੁਹਾਨੂੰ ਪੜ੍ਹਨ ਜਾਂ ਲਿਖਣ ਵਿੱਚ ਮੁਸ਼ਕਿਲ ਹੁੰਦੀ ਹੈ ਤਾਂ ਅਸੀਂ ਤੁਹਾਡੇ ਨਾਲ ਗੱਲਬਾਤ ਕਰਨ ਲਈ ਢੁਕਵਾਂ ਜ਼ਰੀਆ ਤਲਾਸ਼ ਕਰਨ ਦੀ ਕੋਸ਼ਿਸ਼ ਕਰਾਂਗੇ। ਜਿੱਥੇ ਲੋੜ ਪੈਂਦੀ ਹੈ ਅਸੀਂ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਸਾਮਗਰੀ ਬਾਰੇ ਵੀ ਵਿਚਾਰ ਕਰਾਂਗੇ।

**ਮੈਂ ਸੀ.ਸੀ.ਆਰ.ਸੀ. ਨਾਲ ਕਿਵੇਂ ਸੰਪਰਕ ਕਰ ਸਕਦਾ/ਸਕਦੀ ਹਾਂ?**

ਤੁਸੀਂ ਸੀ.ਸੀ.ਆਰ.ਸੀ. ਨੂੰ ਫ਼ੋਨ ਕਰ ਸਕਦੇ ਹੋ ਪਰ ਅਸੀਂ ਲਿਖਤੀ ਰੂਪ ਵਿੱਚ ਚੀਜ਼ਾਂ ਲੈਣੀਆਂ ਚਾਹੁੰਦੇ ਹਾਂ ਕਿਉਂਕਿ ਇਸ ਦਾ ਅਰਥ ਹੈ ਕਿ ਸਾਡੇ ਕੋਲ ਹਰੇਕ ਗੱਲ ਦਾ ਸਪਸ਼ਟ ਰਿਕਾਰਡ ਹੋਵੇ ਤਾਂ ਜੋ ਜਦੋਂ ਅਸੀਂ ਤੁਹਾਡੇ ਕੇਸ ਬਾਰੇ ਵਿਚਾਰ ਕਰ ਰਹੇ ਹੋਈਏ ਤਾਂ ਅਸੀਂ ਇਸ ਨੂੰ ਮੁੜ ਤੋਂ ਦੇਖ ਸਕੀਏ। ਸੀ.ਸੀ.ਆਰ.ਸੀ. ਦੇ ਸੰਪਰਕ ਵੇਰਵੇ ਇਸ ਦਸਤਾਵੇਜ਼ ਦੇ ਆਖਰ ਵਿੱਚ ਹਨ।

**ਕੀ ਤੁਸੀਂ ਮੇਰੇ ਕੋਲ ਆਉਗੇ?**

ਜ਼ਿਆਦਾਤਰ ਮਾਮਲਿਆਂ ਵਿੱਚ ਅਸੀਂ ਬਿਨੈਕਾਰਾਂ ਨੂੰ ਵਿਅਕਤੀਗਤ ਰੂਪ ਵਿੱਚ ਮਿਲਣ ਦੀ ਜ਼ਰੂਰਤ ਤੋਂ ਬਗੈਰ ਲਿਖਤੀ ਰੂਪ ਵਿੱਚ, ਜਾਂ ਫ਼ੋਨ 'ਤੇ ਉਹ ਸਭ ਲੱਭ ਸਕਦੇ ਹਾਂ ਜਿਸ ਦੀ ਸਾਨੂੰ ਲੋੜ ਹੁੰਦੀ ਹੈ। ਜੇ ਸਾਨੂੰ ਲੱਗਦਾ ਹੈ ਕਿ ਸਾਨੂੰ ਤੁਹਾਡੇ ਨਾਲ ਆਹਮੋ-ਸਾਹਮਣੇ ਅਧਾਰ 'ਤੇ ਗੱਲ ਕਰਨ ਦੀ ਲੋੜ ਹੈ ਤਾਂ ਅਸੀਂ ਜਾਂ ਤਾਂ ਵੀਡੀਓ ਕਾਨਫਰੰਸ ਦਾ ਜਾਂ ਫੇਰ ਤੁਹਾਨੂੰ ਮਿਲਣ ਦਾ ਇੰਤਜਾਮ ਕਰਾਂਗੇ।

**ਜੇ ਸੀ.ਸੀ.ਆਰ.ਸੀ. ਇੱਕ ਹੋਰ ਅਪੀਲ ਲਈ ਮੇਰਾ ਕੇਸ ਨਾ ਭੇਜਣ ਦਾ ਫੈਸਲਾ ਕਰਦਾ ਹੈ ਤਾਂ ਕੀ ਹੁੰਦਾ ਹੈ?**

- ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਨਿਰਪੱਖ ਵਰਤਾਓ ਨਹੀਂ ਕੀਤਾ ਗਿਆ ਹੈ, ਤਾਂ ਤੁਸੀਂ ਸੀ.ਸੀ.ਆਰ.ਸੀ. ਦੇ ਕਸਟਮਰ ਸਰਵਿਸ ਮੈਨੇਜਰ ਕੋਲ **ਰਸਮੀ ਸ਼ਿਕਾਇਤ** ਕਰ ਸਕਦੇ ਹੋ। ਸਾਡੇ ਵੱਲੋਂ ਤੁਹਾਡਾ ਕੇਸ ਬੰਦ ਕੀਤੇ ਜਾਣ ਤੋਂ ਬਾਅਦ 3 ਮਹੀਨਿਆਂ ਤੱਕ ਤੁਸੀਂ ਆਪਣੀ ਸ਼ਿਕਾਇਤ ਕਰ ਸਕਦੇ ਹੋ। ਕਸਟਮਰ ਸਰਵਿਸ ਮੈਨੇਜਰ ਸੁਤੰਤਰ ਢੰਗ ਨਾਲ ਇਸ ਬਾਰੇ ਵਿਚਾਰ ਕਰੇਗਾ ਕਿ ਸੀ.ਸੀ.ਆਰ.ਸੀ.ਨੇ ਕਿਵੇਂ ਵਰਤਾਓ ਕੀਤਾ ਹੈ। ਕਸਟਮਰ ਸਰਵਿਸ ਮੈਨੇਜਰ ਤੁਹਾਡੇ ਕੇਸ ਦੀ ਮੁੜ ਤੋਂ ਸਮੀਖਿਆ ਨਹੀਂ ਕਰ ਸਕਦਾ।
- ਜੇ ਤੁਹਾਨੂੰ ਲੱਗਦਾ ਹੈ ਕਿ ਅਸੀਂ ਜਿਸ ਤਰੀਕੇ ਨਾਲ ਆਪਣਾ ਫੈਸਲਾ ਕੀਤਾ ਹੈ ਉਸ ਵਿੱਚ ਕੋਈ ਗੱਲ ਗ਼ਲਤ ਹੈ, ਤਾਂ ਤੁਸੀਂ **ਨਿਆਂਇਕ ਸਮੀਖਿਆ ਲਈ ਐਡਮਿਨਿਸਟ੍ਰੇਟਿਵ ਕੋਰਟ (ਪ੍ਰਸ਼ਾਸਨਿਕ ਅਦਾਲਤ) ਨੂੰ ਦਰਖਾਸਤ ਦੇ ਸਕਦੇ ਹੋ।** ਅਜਿਹਾ ਕਰਨ ਤੋਂ ਪਹਿਲਾਂ ਤੁਹਾਨੂੰ ਰਸਮੀ ਸ਼ਿਕਾਇਤ ਕਰਨ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਇਸ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਨਿਆਂਇਕ ਸਮੀਖਿਆ ਦੀਆਂ ਪ੍ਰਕਿਰਿਆਵਾਂ ਵਿੱਚ ਸਮਾਂ ਸੀਮਾਵਾਂ ਹੁੰਦੀਆਂ ਹਨ। ਇਸ

ਰਾਸਤੇ 'ਤੇ ਜਾਣ ਤੋਂ ਪਹਿਲਾਂ ਅਸੀਂ ਤੁਹਾਨੂੰ ਸੁਤੰਤਰ ਕਾਨੂੰਨੀ ਸਲਾਹ ਲੈਣ ਦੀ ਸਲਾਹ ਦੇਵਾਂਗੇ।

- ਜੇ ਤੁਹਾਡੇ ਕੋਲ ਕੋਈ ਨਵਾਂ ਮਹੱਤਵਪੂਰਨ ਸਬੂਤ ਜਾਂ ਦਲੀਲ ਹੈ ਜਿਸ ਨੂੰ ਮੁਕੱਦਮੇ 'ਤੇ, ਅਪੀਲ ਵਿੱਚ ਜਾਂ ਸੀ.ਸੀ.ਆਰ.ਸੀ. ਨੂੰ ਦਿੱਤੀ ਇਸ ਤੋਂ ਪਹਿਲਾਂ ਵਾਲੀਆਂ ਅਰਜ਼ੀਆਂ ਵਿੱਚ ਨਹੀਂ ਵਿਚਾਰਿਆ ਗਿਆ ਹੈ ਤਾਂ ਤੁਸੀਂ **ਮੁੜ ਤੋਂ ਅਰਜ਼ੀ** ਦੇ ਸਕਦੇ ਹੋ। ਸਾਨੂੰ ਇਹ ਦੱਸਣ ਲਈ ਤੁਹਾਨੂੰ ਇੱਕ ਨਵਾਂ ਫਾਰਮ ਭਰਨ ਦੀ ਲੋੜ ਹੋਵੇਗੀ ਕਿ ਕਿਹੜੀ ਗੱਲ ਨਵੀਂ ਹੈ ਅਤੇ ਇਸ ਨੂੰ ਤੁਹਾਡੀ ਇਸ ਤੋਂ ਪਹਿਲਾਂ ਵਾਲੀ ਅਰਜ਼ੀ ਵਿੱਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ ਸੀ।

## ਜੇ ਸੀ.ਸੀ.ਆਰ.ਸੀ. ਮੇਰੇ ਕੇਸ ਦੀ ਸਮੀਖਿਆ ਕਰਦਾ ਹੈ, ਤਾਂ ਕੀ ਇਹ ਮੇਰੀ ਵਤਨ-ਵਾਪਸੀ (ਡਿਪੋਰਟੇਸ਼ਨ) ਰੋਕੇਗੀ?

ਇਸ ਬਾਰੇ ਕੋਈ ਵੀ ਖੁਦ-ਬ-ਖੁਦ ਅਧਿਕਾਰ ਨਹੀਂ ਹੁੰਦਾ ਕਿ ਕਿਉਂਕਿ ਤੁਸੀਂ ਸੀ.ਸੀ.ਆਰ.ਸੀ. ਨੂੰ ਦਰਖਾਸਤ ਦਿੱਤੀ ਹੈ ਇਸ ਲਈ ਤੁਹਾਨੂੰ ਵਤਨ ਵਾਪਸ ਭੇਜਣ ਦੀਆਂ ਕਾਰਵਾਈਆਂ ਮੁਲਤਵੀ ਕਰ ਦਿੱਤੀਆਂ ਜਾਂਦੀਆਂ ਹਨ। ਜੇ ਅਸੀਂ ਤੁਹਾਡੇ ਕੇਸ ਨੂੰ ਅਪੀਲ ਲਈ ਭੇਜਦੇ ਹਾਂ, ਤਾਂ ਫੇਰ ਅਪੀਲ ਦੀ ਸਮਾਪਤੀ ਹੋਣ ਤੱਕ ਤੁਹਾਡੀ ਵਤਨ-ਵਾਪਸੀ ਰੁਕ ਸਕਦੀ ਹੈ। ਜੇ ਤੁਹਾਡੇ ਵੱਲੋਂ ਸੀ.ਸੀ.ਆਰ.ਸੀ. ਨੂੰ ਦਰਖਾਸਤ ਦਿੱਤੇ ਜਾਣ ਤੋਂ ਬਾਅਦ ਤੁਹਾਨੂੰ ਤੁਹਾਡੇ ਵਤਨ ਵਾਪਸ ਭੇਜ ਦਿੱਤਾ ਜਾਂਦਾ ਹੈ ਤਾਂ ਅਸੀਂ ਤੁਹਾਡੇ ਕੇਸ ਦੀ ਸਮੀਖਿਆ ਕਰ ਸਕਦੇ ਹਾਂ ਭਾਵੇ ਤੁਸੀਂ ਕਿਸੇ ਹੋਰ ਦੇਸ਼ ਵਿੱਚ ਹੁੰਦੇ ਹੋ ਬਸ਼ਰਤੇ ਤੁਸੀਂ ਸਾਨੂੰ ਸੰਪਰਕ ਪਤਾ ਜਾਂ ਈਮੇਲ ਪਤਾ ਮੁਹੱਈਆ ਕਰਦੇ ਹੋ।

## ਮੈਂ ਸੀ.ਸੀ.ਆਰ.ਸੀ. ਅਤੇ ਇਸ ਦੇ ਕੰਮ ਕਰਨ ਬਾਰੇ ਜ਼ਿਆਦਾ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਦਸਤਾਵੇਜ਼ਾਂ ਦੀ ਇੱਕ ਲੜੀ ਵਿੱਚ ਸੀ.ਸੀ.ਆਰ.ਸੀ. ਬਾਰੇ ਵਿਸਥਾਰਤ ਜਾਣਕਾਰੀ ਹੈ ਜਿਸ ਨੂੰ ਫਾਰਮਲ ਮੈਮੋਰੰਡਾ ਕਿਹਾ ਜਾਂਦਾ ਹੈ ਜਿਸ ਨੂੰ www.ccrc.gov.uk 'ਤੇ ਜਾ ਕੇ ਅਤੇ “casework (ਕੇਸਵਰਕ)” 'ਤੇ ਕਲਿੱਕ ਕਰਕੇ ਇੰਟਰਨੈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਤੁਸੀਂ ਸਾਨੂੰ ਲਿਖ ਕੇ ਵੀ ਇਹ ਲੈ ਸਕਦੇ ਹੋ।

## ਸੀ.ਸੀ.ਆਰ.ਸੀ. ਦੇ ਸੰਪਰਕ ਵੇਰਵੇ

**ਜੇ ਤੁਸੀਂ ਸਾਡੇ ਨਾਲ ਸੰਪਰਕ ਕਰਨਾ ਚਾਹੋਗੇ ਜਾਂ ਫੇਰ ਇਹ ਚਾਹੋਗੇ ਕਿ ਸਾਡੇ ਦਰਖਾਸਤ ਫਾਰਮ ਤੁਹਾਨੂੰ ਭੇਜੇ ਜਾਣ ਤਾਂ ਕਿਰਪਾ ਕਰਕੇ ਸਾਨੂੰ ਅੱਗੇ ਦਿੱਤੇ ਪਤੇ ਮੁਤਾਬਕ ਲਿਖੋ:**

**Criminal Cases Review Commission,**
**5 St Philip's Place;**
**Birmingham**
**B3 2PW**

**ਸੀ.ਸੀ.ਆਰ.ਸੀ. ਦਾ ਫ਼ੋਨ ਨੰਬਰ: 0121 233 1473**
**ਸੀ.ਸੀ.ਆਰ.ਸੀ. ਦਾ ਈਮੇਲ ਪਤਾ: info@ccrc.gov.uk**